prepp

Practice, Learn and Achieve Your Goal with Prepp

# UGC NET Exam

## Punjabi

Simplifying

**Government Exams**

SSC CHSL | IAS EXAM | RRB NTPC | NTSE | CDS

SSC CGL | CBSE UGC NET | IBPS PO | NDA

SBI PO | IBPS CLERK | AFCAT | SSC JE | CTET

CSIR UGC NET | CAPF | IBPS RRB

www.prepp.in

# PAPER-II
# PUNJABI

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

OMR Sheet No. : ..............................................
(To be filled by the Candidate)

Roll No. | | | | | | | | |

(In figures as per admission card)

Roll No.________________________________
(In words)

| J | 2 | 4 | 1 | 3 |
|---|---|---|---|---|

Time : **1 $^{1}/_{4}$** hours] [Maximum Marks : **100**

Number of Pages in this Booklet : **8** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal / polythene bag on the booklet. Do not accept a booklet without sticker-seal / without polythene bag and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** (A) (B) ● (D)
   where (C) is the correct response.
5. Your responses to the items are to be indicated in the **OMR Sheet given inside the Paper I Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील / पोलिथीन बैग को फाड़ लें । खुली हुई या बिना स्टीकर-सील / बिना पोलिथीन बैग की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण** : (A) (B) ● (D) जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**



Latest Sarkari Jobs, Govt Exam Results, Vacancies and updates on one click
Know More

# PUNJABI
# ਪੰਜਾਬੀ
## Paper-II
## ਪ੍ਰਸ਼ਨ ਪੱਤਰ-II

**Note :** This paper contains **fifty (50)** objective type questions, each question carrying **two (2)** marks. Attempt **all** the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਦਿਉ ।

**1.** ਪੰਜਾਬੀ ਦੀ ਸੁਰ ਧੁਨੀ ਦਾ ਸੰਬੰਧ ਹੈ :

(A) ਸਵਰਾਂ ਦੀ ਗਿਣਤੀ ਨਾਲ

(B) ਸਵਰਾਂ ਦੀ ਤਰਤੀਬ ਨਾਲ

(C) ਪਿੱਚ ਦੇ ਵਾਧੇ/ਘਾਟੇ ਨਾਲ

(D) ਵਿਅੰਜਨ ਧੁਨੀਆਂ ਨਾਲ

**2.** ਪੰਜਾਬੀ ਦੀ ਸ਼ਬਦ-ਵਣਤਰ ਵਿਚ ਪੰਜਾਬੀ ਧੁਨੀ-ਵਿਓਂਤ ਅਨੁਸਾਰ ਕਿਹੜਾ ਵਰਤਾਰਾ ਸੰਭਵ ਨਹੀਂ ਹੈ :

(A) ਮੁੱਢ ਵਿਚ / ਉ / ਸਵਰ ਦਾ ਵਿਚਰਨਾ

(B) ਮੁੱਢ ਵਿਚ / ਈ / ਸਵਰ ਦਾ ਵਿਚਰਨਾ

(C) ਅੰਤ ਵਿਚ / ਇ / ਸਵਰ ਦਾ ਵਿਚਰਨਾ

(D) ਵਿਚਕਾਰ / ਓ / ਸਵਰ ਦਾ ਵਿਚਰਨਾ

**3.** ਕਿਹੜੀ ਲਿਪੀ ਸਿਲੈਬਿਕ ਨਹੀਂ ਹੈ :

(A) ਰੋਮਨ (B) ਦੇਵਨਾਗਰੀ

(C) ਗੁਰਮੁਖੀ (D) ਟਾਕਰੀ

**4.** ਪੰਜਾਬ ਦੇ ਨਾਲ ਲਗਦੇ ਕਿਹੜੇ ਰਾਜ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਪ੍ਰਾਪਤ ਹੈ :

(A) ਹਰਿਆਣਾ

(B) ਦਿੱਲੀ

(C) ਰਾਜਸਥਾਨ

(D) ਹਿਮਾਚਲ ਪ੍ਰਦੇਸ਼

**5.** ਧੁਨੀ-ਪਰਿਵਰਤਨ ਸਿਧਾਂਤ ਦਾ ਮੁੱਖ ਭਾਸ਼ਾ-ਵਿਗਿਆਨੀ ਹੈ :

(A) ਸੋਸਿਊਰ (B) ਰੋਮਨ ਜੈਕਬਸਨ

(C) ਮਾਰਤੀਨੇ (D) ਵਰਨਰ

**6.** ਪੰਜੀਬ ਧੁਨੀਆਂ ਦੀ ਗਿਣਤੀ ਦਾ ਸਹੀ ਕ੍ਰਮ ਹੈ :

| **ਸੂਚੀ**-I | **ਸੂਚੀ**-II |
|---|---|
| a. ਦੋ-ਹੋਠੀ | 1. 7 |
| b. ਤਾਲਵੀ | 2. 15 |
| c. ਦੰਤੀ | 3. 4 |
| d. ਡੱਕਵੀਆਂ | 4. 5 |

| | a | b | c | d |
|---|---|---|---|---|
| (A) | 1 | 2 | 3 | 4 |
| (B) | 2 | 3 | 4 | 1 |
| (C) | 4 | 3 | 1 | 2 |
| (D) | 3 | 4 | 1 | 2 |

**7.** ਕਿਹੜਾ ਸ਼ਬਦ ਅਵਿਕਾਰੀ ਹੈ :

(A) ਸਲੂਣਾ

(B) ਘੌਂਟਣਾ

(C) ਸਗੋਂ

(D) ਸੋਚਣਾ

**8.** 'ਮੇਰੀਆਂ ਸਾਰੀਆਂ ਭੈਣਾਂ ਵਿਆਹੀਆਂ ਹੋਈਆਂ ਹਨ' – ਵਾਕ ਵਿਚ 'ਮੇਰੀਆਂ' ਦਾ ਪ੍ਰਕਾਰਜ ਹੈ :

(A) ਸੰਬੰਧਵਾਚੀ ਪੜਨਾਵੀਂ ਵਿਸ਼ੇਸ਼ਣ

(B) ਸੰਬੰਧਵਾਚੀ ਪੜਨਾਂਵ

(C) ਸੰਬੰਧਵਾਚੀ ਵਿਸ਼ੇਸ਼ਣ

(D) ਅਵਿਕਾਰੀ ਪੜਨਾਂਵ

**9.** ਭਾਰਤੀ-ਯੂਰਪੀ ਭਾਸ਼ਾ ਪਰਿਵਾਰ ਦੀ ਸ਼ਾਖਾ ਹੈ :

(A) ਹਮੀ ਪਰਿਵਾਰ

(B) ਦ੍ਰਾਵੜੀ ਪਰਿਵਾਰ

(C) ਸਿਨੋ-ਤਿੱਬਤੀ ਪਰਿਵਾਰ

(D) ਜਰਮੈਨਿਕ ਪਰਿਵਾਰ



Latest Sarkari Jobs, Govt Exam Results, Vacancies and updates on one click
Know More

10. ਪੂਰਬੀ ਅਤੇ ਪੱਛਮੀ ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਵਿਭੇਦਕ ਲੱਛਣ ਹੈ :

(A) ਸ਼ਬਦਾਵਲੀ ਦੀ ਵਿਭਿੰਨਤਾ

(B) ਸ੍ਰੋਤ ਦੀ ਵਿਭਿੰਨਤਾ

(C) ਵਿਆਕਰਨ ਦੀ ਵਿਭਿੰਨਤਾ

(D) ਸਘੋਸ਼ ਮਹਾਂਪ੍ਰਾਣ ਧੁਨੀਆਂ ਦੀ ਵਿਭਿੰਨਤਾ

11. **(A) ਕਥਨ :** ਹਰ ਇਕ ਭਾਸ਼ਾ ਦੀਆਂ ਇਕ ਤੋਂ ਵਧੇਰੇ ਉਪਭਾਸ਼ਾਈ ਵੰਨਗੀਆਂ ਹੋ ਸਕਦੀਆਂ ਹਨ ਜਿਨ੍ਹਾਂ ਦੀ ਵਰਤੋਂ ਉਪ-ਸਭਿਆਚਾਰਾਂ ਦੀ ਪਛਾਣ ਲਈ ਜ਼ਰੂਰੀ ਹੈ ।

**(R) ਕਾਰਨ :** ਕਿਉਂਕਿ ਇਕ ਭਾਸ਼ਾ ਨੂੰ ਬੋਲਣ ਵਾਲੇ ਵੱਖੋ ਵੱਖਰੀਆਂ ਰਾਜਨੀਤਿਕ ਸੀਮਾਵਾਂ ਵਿਚ ਰਹਿੰਦੇ ਹਨ, ਇਸ ਲਈ ਭਾਸ਼ਾ ਦੀਆਂ ਇਕ ਤੋਂ ਵਧੇਰੇ ਉਪਭਾਸ਼ਾਈ ਵੰਨਗੀਆਂ ਹੋ ਸਕਦੀਆਂ ਹਨ । ਪਰ ਸਮੂਹ ਸਮਾਜ ਇਕੋ ਉਪਭਾਸ਼ਾਈ ਵੰਨਗੀ ਦੀ ਵਰਤੋਂ ਕਰਦਾ ਹੈ ।

(A) (A) ਅਾਂਸ਼ਿਕ ਸਹੀ ਹੈ ਤੇ (R) ਗ਼ਲਤ ਹੈ

(B) (A) ਅਾਂਸ਼ਿਕ ਸਹੀ ਹੈ ਤੇ (R) ਸਹੀ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਸਹੀ ਹੈ ਤੇ (R) ਅਾਂਸ਼ਿਕ ਸਹੀ ਹੈ

12. ਸਾਹਿਤ-ਵਿਗਿਆਨ ਤੋਂ ਭਾਵ ਹੈ :

(A) ਸਾਹਿਤ ਅਤੇ ਵਿਗਿਆਨ ਦਾ ਸੁਮੇਲ

(B) ਸਾਹਿਤ ਸਿਰਜਣਾ ਦੇ ਵਿਗਿਆਨਕ ਆਧਾਰਾਂ ਦੀ ਤਲਾਸ਼

(C) ਸਾਹਿਤ ਅਧਿਐਨ ਦੇ ਵਿਗਿਆਨਕ ਨਿਜਮਾਂ ਦੀ ਖੋਜ

(D) ਸਾਹਿਤ ਸਿਰਜਣਾ ਉਪਰ ਵਿਗਿਆਨ ਦਾ ਪ੍ਰਭਾਵ

13. ਸਾਹਿਤਕ ਪਾਠ ਦੀ ਹੋਂਦ-ਵਿਧੀ ਦਾ ਅਧਿਐਨ ਕਿਸ ਅਨੁਸ਼ਾਸਨ ਦਾ ਖੇਤਰ ਹੈ :

(A) ਸਾਹਿਤ ਸਮੀਖਿਆ

(B) ਸਾਹਿਤ ਅਧਿਐਨ

(C) ਸਾਹਿਤ ਇਤਿਹਾਸ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ

14. ਗਲਪ ਦਾ ਕੇਂਦਰੀ ਤੱਤ ਹੈ :

(A) ਦ੍ਰਿਸ਼ਮੁਖਤਾ ਤੇ ਵਾਰਤਾਮੁਖਤਾ

(B) ਨਾਟਕੀਅਤਾ ਤੇ ਰੁਮਾਂਸ

(C) ਗਾਲਪਨਿਕਤਾ ਤੇ ਸਮਾਜ

(D) ਵਿਰਤਾਂਤ ਤੇ ਇਤਿਹਾਸ

15. ਨਿਬੰਧ ਦੀ ਰੂਪਾਕਾਰਕ ਵਿਸ਼ੇਸ਼ਤਾ ਹੈ :

(A) ਮਨ ਦਾ ਖੁਲ੍ਹਾ ਵਿਚਾਰ-ਪ੍ਰਵਾਹ

(B) ਸਮਾਜਕ ਮਸਲਿਆਂ ਦੀ ਪੇਸ਼ਕਾਰੀ

(C) ਵਿਚਾਰਾਂ ਦਾ ਰੀਤਿਬੱਧ ਨਿਭਾਅ

(D) ਮਨੋਭਾਵਾਂ ਅਤੇ ਜਜ਼ਬਿਆਂ ਦਾ ਵਰਣਨ

16. ਕਹਾਣੀ ਦੇ ਰੂਪਾਕਾਰ ਦਾ ਮੁੱਖ ਲੱਛਣ ਹੈ :

(A) ਕਥਾ-ਬਿਰਤਾਂਤ ਦੇ ਆਕਾਰ ਨਾਲ

(B) ਬਿਰਤਾਂਤਕ ਅਰਥਾਂ ਦੀ ਤੀਖਣਤਾ ਨਾਲ

(C) ਪਾਤਰਾਂ ਦੀ ਸਮਾਜਕ ਵਿਭਿੰਨਤਾ ਨਾਲ

(D) ਬਿਰਤਾਂਤ ਦੀ ਜਟਿਲ ਸੰਰਚਨਾ ਨਾਲ

17. ਜੀਵਨੀ ਦੀ ਰੂਪਗਤ ਵਿਸ਼ੇਸ਼ਤਾ ਹੈ :

(A) ਇਤਿਹਾਸ ਤੇ ਗਲਪ

(B) ਵਿਰਤਾਂਤ ਤੇ ਨਾਟਕ

(C) ਰੁਮਾਂਸ ਤੇ ਯਥਾਰਥ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ

18. ਮਹਾਕਾਵਿ ਦੀ ਕਿਹੜੀ ਰੂਪਗਤ ਵਿਸ਼ੇਸ਼ਤਾ ਨਹੀਂ ਹੈ :

(A) ਕਵਿਤਾ ਤੇ ਬਿਰਤਾਂਤ

(B) ਨਾਟਕੀ ਸੰਵਾਦ

(C) ਪ੍ਰਕਿਰਤੀ ਚਿੱਤਰਨ

(D) ਸਰਗ-ਵੰਡ



Latest Sarkari Jobs, Govt Exam Results, Vacancies and updates on one click
Know More

**19.** ਰੁਬਾਈ ਵਿਚ ਕਾਫ਼ੀਆ ਰਦੀਫ਼ ਵਿਚ ਮੇਲਾਨ ਹੈ :

(A) ਪਹਿਲੀ, ਦੂਜੀ ਅਤੇ ਤੀਜੀ ਤੁਕ ਦਾ

(B) ਦੂਜੀ, ਤੀਜੀ ਅਤੇ ਚੌਥੀ ਤੁਕ ਦਾ

(C) ਪਹਿਲੀ, ਤੀਜੀ ਅਤੇ ਚੌਥੀ ਤੁਕ ਦਾ

(D) ਪਹਿਲੀ, ਦੂਜੀ ਅਤੇ ਚੌਥੀ ਤੁਕ ਦਾ

**20.** ਕਾਵਿ-ਨਾਟਕ ਦੀ ਕਿਹੜੀ ਰੂਪਾਕਾਰਕ ਵਿਸ਼ੇਸ਼ਤਾ ਨਹੀਂ ਹੈ :

(A) ਪਾਤਰਾਂ ਦੀ ਪੇਸ਼ਕਾਰੀ

(B) ਕਵਿਤਾ ਤੇ ਨਾਟਕ ਦਾ ਮਿਸ਼ਰਨ

(C) ਨਾਟਕ ਦੀ ਕਾਵਿਕ ਪੇਸ਼ਕਾਰੀ

(D) ਨਟ ਅਤੇ ਨਟਨੀ ਦੀ ਜੁਗਤ

**21.** ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕਾਵਿ ਦਾ ਪ੍ਰਯੋਜਨ ਹੈ :

(A) ਆਨੰਦ ਦੀ ਤ੍ਰਿਪਤੀ

(B) ਪੁਰਸ਼ਾਰਥ ਦੀ ਪ੍ਰਾਪਤੀ

(C) ਕਾਵਿ ਦੀ ਆਤਮਾ ਦੀ ਪੇਸ਼ਕਾਰੀ

(D) ਰਸ-ਨਿਸ਼ਪੱਤੀ

**22.** ਕਵਿਤਾ ਦੀ ਸ਼ੋਭਾ ਵਧਾਉਣ ਵਾਲਾ ਧਰਮ ਹੈ :

(A) ਅਲੰਕਾਰ (B) ਰਸ

(C) ਧੁਨੀ (D) ਵਕ੍ਰੋਕਤੀ

**23.** ਮਾਰਕਸਵਾਦੀ ਕਾਵਿ-ਸ਼ਾਸਤਰ ਦੀ ਬੁਨਿਆਦ ਹੈ :

(A) ਚਿਹਨ, ਸੰਰਚਨਾ ਅਤੇ ਪ੍ਰਬੰਧ

(B) ਚਿਹਨ, ਵਿਚਾਰਧਾਰਾ ਤੇ ਉਸਾਰ

(C) ਵਿਚਾਰਧਾਰਾ, ਪ੍ਰਤਿਬੱਧਤਾ ਤੇ ਸਾਹਿਤ-ਪਾਠ

(D) ਦਮਨ, ਵਿਚਾਰਧਾਰਾ ਤੇ ਸੰਸ਼ਲੇਸ਼ਣ

**24.** ਸੰਗਰਚਨਾਵਾਦੀ ਚਿੰਤਕਾਂ ਦਾ ਜੁੱਟ ਹੈ :

(A) ਲੈਵੀਸਤ੍ਰਾਸ, ਰੋਲਾਂ ਬਾਰਤ ਤੇ ਯਕ ਲਾਕਾਂ

(B) ਟੈਰੀ ਈਗਲਟਨ, ਜੋਨਾਥਨ ਕੁਲਰ ਤੇ ਯਕ ਲਾਕਾਂ

(C) ਸੋਸਿਊਰ, ਲੈਵੀਸਤ੍ਰਾਸ ਤੇ ਅਲਥੂਸਰ

(D) ਰੋਲਾਂ ਬਾਰਤ, ਟੈਰੀ ਈਗਲਟਨ ਤੇ ਮਿਸ਼ੈਲ ਫੂਕੋ

**25.** ਜੁਝਾਰਵਾਦੀ ਕਾਵਿ-ਧਾਰਾ ਦਾ ਆਧਾਰ-ਸ੍ਰੋਤ ਹੈ :

(A) ਜਥਾਰਥਵਾਦੀ ਵਿਚਾਰਧਾਰਾ

(B) ਰੁਮਾਂਸਵਾਦੀ ਵਿਚਾਰਧਾਰਾ

(C) ਪ੍ਰਜੋਗਵਾਦੀ ਵਿਚਾਰਧਾਰਾ

(D) ਪ੍ਰਗਤੀਵਾਦੀ ਵਿਚਾਰਧਾਰਾ

**26.** ਸਾਹਿਤ ਦੀ ਇਤਿਹਾਸਕਾਰੀ ਦੀ ਨਵੀਨਤਮ ਪ੍ਰਵਿਤਰੀ ਹੈ :

(A) ਇਤਿਹਾਸਕਾਰੀ ਇਕ ਬਿਰਤਾਂਤ ਵਜੋਂ

(B) ਹਾਸ਼ੀਆਕ੍ਰਿਤ ਸਮੂਹਾਂ ਦੀ ਪ੍ਰਤਿਨਿਧਤਾ ਵਜੋਂ

(C) ਲਿੰਗ ਪਛਾਣਾਂ ਦੀ ਪੇਸ਼ਕਾਰੀ ਵਜੋਂ

(D) ਪਾਰ-ਰਾਸ਼ਟ੍ਰੀਅਤਾ ਦੀ ਪ੍ਰਵਿਰਤੀ ਵਜੋਂ

**27.** ਹੇਠ ਲਿਖਿਆਂ ਦਾ ਕਿਹੜਾ ਕ੍ਰਮ ਸਹੀ ਹੈ :

| ਸੂਚੀ-I | ਸੂਚੀ-II |
|---|---|
| a. ਪੰਜਾਬੀ ਲੋਕ ਗੀਤ | 1. ਵਣਜਾਰਾ ਬੇਦੀ |
| b. ਲੋਕ ਬੁਝਾਰਤਾਂ | 2. ਬਲਵੰਤ ਗਾਰਗੀ |
| c. ਲੋਕ ਰੰਗਮੰਚ | 3. ਦੇਵਿੰਦਰ ਸਤਿਆਰਥੀ |
| d. ਲੋਕ ਅਖਾਣ | 4. ਸੁਖਦੇਵ ਮਾਦਪੁਰੀ |

| | a | b | c | d |
|---|---|---|---|---|
| (A) | 3 | 4 | 2 | 1 |
| (B) | 4 | 2 | 1 | 3 |
| (C) | 3 | 1 | 4 | 2 |
| (D) | 1 | 4 | 3 | 2 |

**28.** ਮੁਸਲਸਲ ਗ਼ਜ਼ਲ ਦਾ ਪਛਾਣ-ਚਿੰਨ੍ਹ ਹੈ :

(A) ਇਕੋ ਬਹਿਰ ਵਿਚ ਲਿਖੇ ਸ਼ਿਅਰ

(B) ਇਕ ਥੀਮ ਨਾਲ ਸੰਬੰਧਿਤ ਸ਼ਿਅਰ

(C) ਭਿੰਨ ਭਿੰਨ ਥੀਮਾਂ ਨਾਲ ਸੰਬੰਧਿਤ ਸ਼ਿਅਰ

(D) ਭਿੰਨ ਭਿੰਨ ਬਹਿਰਾਂ ਵਿਚ ਲਿਖੇ ਸ਼ਿਅਰ



Latest Sarkari Jobs, Govt Exam Results, Vacancies and updates on one click
Know More

**29.** ਲੇਖਕਾਂ ਦਾ ਸਹੀ ਕ੍ਰਮ ਹੈ :

| | **ਸੂਚੀ-I** | | **ਸੂਚੀ-II** |
|---|---|---|---|
| a. | ਸ਼ਰਦਾ ਰਾਮ ਫਿਲੌਰੀ | 1. | 16-17 ਵੀਂ ਸਦੀ |
| b. | ਭਾਈ ਗੁਰਦਾਸ | 2. | 15-ਵੀਂ ਸਦੀ |
| c. | ਸ਼ੇਖ਼ ਫ਼ਰੀਦ | 3. | 19-ਵੀਂ ਸਦੀ |
| d. | ਗੁਰੂ ਨਾਨਕ ਦੇਵ ਜੀ | 4. | 12-ਵੀਂ ਸਦੀ |

| | a | b | c | d |
|---|---|---|---|---|
| (A) | 3 | 1 | 4 | 2 |
| (B) | 3 | 4 | 2 | 1 |
| (C) | 3 | 2 | 1 | 4 |
| (D) | 4 | 2 | 3 | 1 |

**30.** ਪੰਜਾਬੀ ਸਾਹਿਤ ਦੇ ਸ੍ਰੋਤਮੂਲਕ ਇਤਿਹਾਸ ਦਾ ਲੇਖਕ ਹੈ :

(A) ਪਰਮਿੰਦਰ ਸਿੰਘ

(B) ਧਰਮ ਪਾਲ ਸਿੰਗਲ

(C) ਮੋਹਨ ਸਿੰਘ ਦੀਵਾਨਾ

(D) ਰਤਨ ਸਿੰਗ ਜੱਗੀ

**31.** ਜੁਝਾਰਵਾਦੀ ਕਾਵਿ-ਧਾਰਾ ਨਾਲ ਸੰਬੰਧਿਤ ਹੈ :

(A) ਦਰਸ਼ਨ ਖਟਕੜ, ਦੇਵ, ਤਾਰਾ ਸਿੰਘ, ਸਤੀ ਕੁਮਾਰ

(B) ਸੰਤ ਸੰਧੂ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਪਾਸ਼

(C) ਅਜਮੇਰ ਰੋਡੇ, ਨਵਤੇਜ ਭਾਰਤੀ, ਸੰਤ ਰਾਮ ਉਦਾਸ਼ੀ, ਹਰਿਭਜਨ ਸਿੰਘ

(D) ਨੰਦ ਲਾਲ ਨੂਰਪੁਰੀ, ਪਾਸ਼, ਦਰਸ਼ਨ ਖਟਕੜ, ਰਹਭਜਨ ਹਲਵਾਰਵੀ

**32.** ਮੱਧਕਾਲੀਨ ਪੰਜਾਬੀ ਸਾਹਿਤ ਦੀ ਖੋਜ ਦਾ ਆਧਾਰ ਹੈ :

(A) ਭਾਸ਼ਾਈ ਸਰੂਪ

(B) ਬਹੁ-ਧਰਮ ਗਿਆਨ

(C) ਪ੍ਰਮਾਣਕ ਪਾਠ-ਸਮੱਗਰੀ

(D) ਸਮਾਜ-ਸਭਿਆਚਾਰਕ ਪਰਿਪੇਖ

**33.** **(A) ਕਥਨ :** ਸਾਹਿਤ ਇਤਿਹਾਸ ਵਿਚ ਭਾਸ਼ਾ ਅਧਿਐਨ, ਪਾਠ ਵਿਸ਼ਲੇਸ਼ਣ ਅਤੇ ਸਾਹਿਤ ਆਲੋਚਨਾ ਦੀ ਲੋੜ ਰਹਿੰਦੀ ਹੈ ਪਰ ਸਾਹਿਤ ਇਤਿਹਾਸਕਾਰ ਦਾ ਪ੍ਰਕਾਰਜ ਭਿੰਨ ਹੁੰਦਾ ਹੈ । ਉਸ ਨੇ ਕੀ ? ਕਦੋਂ ? ਅਤੇ ਕਿਵੇਂ ? ਆਦਿ ਕਈ ਪ੍ਰਸ਼ਨਾਂ ਦੇ ਉੱਤਰ ਦੇਣੇ ਹੁੰਦੇ ਹਨ ।

**(R) ਕਾਰਨ :** ਸਾਹਿਤ ਇਤਿਹਾਸਕਾਰ ਵਿਚ ਸਾਰੇ ਕਾਰਜ ਵਸਤੂਨਿਸ਼ਠ ਰੂਪ ਵਿਚ ਨਹੀਂ ਕਰ ਸਕਦਾ । ਉਸ ਨੂੰ ਇਹ ਕਾਰਜ ਆਤਮ-ਮੁਖੀ ਹੋ ਕੇ ਹੀ ਕਰਨਾ ਪੈਂਦਾ ਹੈ ।

(A) (A) ਸਹੀ ਹੈ ਤੇ (R) ਗ਼ਲਤ ਹੈ

(B) (A) ਤੇ (R) ਸਹੀ ਹਨ

(C) (A) ਗ਼ਲਤ ਹੈ ਤੇ (R) ਆਂਸ਼ਿਕ ਸਹੀ ਹੈ

(D) (A) ਆਂਸ਼ਿਕ ਸਹੀ ਤੇ (R) ਗ਼ਲਤ ਹੈ

**34.** ਪੰਜਾਬੀ ਸਾਹਿਤ ਵਿਚ ਕਾਵਿ-ਧਾਰਾਵਾਂ ਦਾ ਕਿਹੜਾ ਕ੍ਰਮ ਸਹੀ ਹੈ :

(A) ਨਾਥ ਕਾਵਿ, ਸੂਫ਼ੀ ਕਾਵਿ, ਗੁਰਵਾਣੀ, ਕਿੱਸਾ-ਕਾਵਿ

(B) ਗੁਰਵਾਣੀ, ਭਗਤੀ ਕਾਵਿ, ਸੂਫ਼ੀ ਕਾਵਿ, ਕਿੱਸਾ-ਕਾਵਿ

(C) ਨਾਥ ਕਾਵਿ, ਭਗਤੀ ਕਾਵਿ, ਗੁਰਵਾਣੀ, ਸੂਫ਼ੀ ਕਾਵਿ

(D) ਸੂਫ਼ੀ ਕਾਵਿ, ਕਿੱਸਾ-ਕਾਵਿ, ਗੁਰਵਾਣੀ, ਭਗਤੀ ਕਾਵਿ

**35.** ਇਤਿਹਾਸਕ ਜਥਾਰਥ ਦੇ ਨੇੜੇ ਹਨ :

(A) ਮਿਥ ਕਥਾਵਾਂ (B) ਨੀਤੀ ਕਥਾਵਾਂ

(C) ਪਸ਼ੂ ਕਥਾਵਾਂ (D) ਦੰਤ ਕਥਾਵਾਂ

**36.** ਵਿਸ਼ਵੀਕਰਨ ਦਾ ਸਭਿਆਚਾਰਕ ਪ੍ਰਬੰਧ ਉਪਰ ਕੀ ਪ੍ਰਭਾਵ ਪਿਆ :

(A) ਵਿਸ਼ਵ ਸਭਿਆਚਾਰਕ ਅਸੰਤੁਲਨ

(B) ਗਲੋਬਲ ਵਿਭਿੰਨਤਾ ਦੀ ਖੰਡਿਤ ਸਥਿਤੀ

(C) ਬਹੁ-ਸਭਿਆਚਾਰਵਾਦ ਦਾ ਉਦੇ

(D) ਹਾਸ਼ੀਆਗਤ ਸਭਿਆਚਾਰਾਂ ਦਾ ਵਿਰੋਧ



Latest Sarkari Jobs, Govt Exam Results, Vacancies and updates on one click
Know More

**37.** ਲੋਕ ਵਿਸ਼ਵਾਸ ਅਨੁਸਾਰ ਕਿਸ ਦੀ ਪੂਜਾ ਹੁੰਦੀ ਹੈ :

(A) ਤੁਲਸੀ, ਚੰਬੇਲੀ, ਬੋਹੜ

(B) ਕੇਲਾ, ਪਿੱਪਲ, ਤੁਲਸੀ

(C) ਕਿੱਕਰ, ਤੁਲਸੀ, ਪਿੱਪਲ

(D) ਤੁਲਸੀ, ਜੰਡ, ਟਾਹਲੀ

**38.** ਟੋਟਮ ਤੋਂ ਭਾਵ ਹੈ :

(A) ਸਭਿਆਚਾਰਕ ਮਨਾਹੀ

(B) ਸਭਿਆਚਾਰਕ ਪ੍ਰਵਿਰਤੀ

(C) ਸਭਿਆਚਾਰਕ ਮਾਨਤਾ

(D) ਸਭਿਆਚਾਰਕ ਪਛਾਣ

**39.** 'ਦ ਜਨਰਲ ਔਫ ਇੰਡੀਅਨ ਫੋਕਲੋਰਿਸਟਿਕਸ' ਦਾ ਸੰਪਾਦਕ ਹੈ :

(A) ਹਰਜੀਤ ਸਿੰਘ ਗਿੱਲ

(B) ਸੁਰਿੰਦਰ ਸਿੰਘ ਵਣਜਾਰਾ ਬੇਦੀ

(C) ਜਵਾਹਰ ਲਾਲ ਹਾਂਡੂ

(D) ਸਤੇਂਦਰ

**40.** ਕਿਹੜਾ ਕ੍ਰਮ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| a. ਪੂਰਬਵਾਦ | 1. ਏਜਾਜ਼ ਅਹਿਮਦ |
| b. ਸਭਿਆਚਾਰਕ ਅਧਿਐਨ | 2. ਐਡਵਰਡ ਸਹੀਦ |
| c. ਉੱਤਰ-ਬਸਤੀਵਾਦ | 3. ਆਇਡ੍ਰੀ ਸਪੀਵਾਕ |
| d. ਨਾਰੀਵਾਦ | 4. ਹੋਮੀਭਾਬਾ |

| | a | b | c | d |
|---|---|---|---|---|
| (A) | 2 | 4 | 1 | 3 |
| (B) | 2 | 1 | 4 | 3 |
| (C) | 2 | 3 | 1 | 4 |
| (D) | 1 | 2 | 3 | 4 |

**41.** ਮਿਥ ਅਤੇ ਸਾਹਿਤ ਦਾ ਅੰਤਰ ਸੰਬੰਧ ਕਿਸ ਉਪਰ ਆਧਾਰਿਤ ਹੈ :

(A) ਥੀਮ, ਬਿੰਬ, ਬਰਣਨ

(B) ਪ੍ਰਤੀਕ, ਚਿਹਨ, ਬਿਰਤਾਂਤ

(C) ਬਿਰਤਾਂਤ, ਪਾਤਰ, ਥੀਮ

(D) ਰੂਪਕ, ਨਾਟ, ਪ੍ਰਗੀਤ

**42.** ਕਿਹੜਾ ਕ੍ਰਮ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| a. ਖੋਜ ਦਰਪਣ | 1. ਪੰਜਾਬੀ ਯੂਨੀਵਰਸਿਟੀ, ਪਟਿਆਲਾ |
| b. ਖੋਜ ਪਤ੍ਰਿਕਾ | 2. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| c. ਪਰਖ | 3. ਸਾਹਿਤ ਅਕਾਦਮੀ, ਲੁਧਿਆਨਾ |
| d. ਆਲੋਚਨਾ | 4. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ |

| | a | b | c | d |
|---|---|---|---|---|
| (A) | 1 | 4 | 3 | 2 |
| (B) | 2 | 1 | 4 | 3 |
| (C) | 4 | 1 | 2 | 3 |
| (D) | 1 | 3 | 2 | 4 |

**43.** ਸਹੀ ਕ੍ਰਮ ਦੱਸੋ :

(A) ਰੂਪਵਾਦ, ਮਾਰਕਸਵਾਦ, ਉੱਤਰ-ਆਧੁਨਿਕਤਾ, ਸੰਰਚਨਾਵਾਦ

(B) ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਉੱਤਰ-ਆਧੁਨਿਕਤਾ

(C) ਸੰਰਚਨਾਵਾਦ, ਉੱਤਰ-ਆਧੁਨਿਕਤਾ, ਰੂਪਵਾਦ, ਮਾਰਕਸਵਾਦ

(D) ਮਾਰਕਸਵਾਦ, ਉੱਤਰ-ਆਧੁਨਿਕਤਾ, ਰੂਪਵਾਦ, ਸੰਰਚਨਾਵਾਦ

**44.** ਚਿਹਨ-ਵਿਗਿਆਨਕ ਪ੍ਰਣਾਲੀ ਦੇ ਪ੍ਰਮੁਖ ਚਿੰਤਕ ਹਨ :

(A) ਜੋਨਾਥਨ ਕੁਲਰ, ਰੋਲਾਂ ਬਾਰਤ, ਆਈ.ਏ.ਰਿਚਰਡਜ਼

(B) ਟੀ.ਐਸ.ਈਲੀਅਟ, ਕਲੀਨਥ ਬਰੂਕਸ, ਐਲਨ ਟੇਟ

(C) ਸੌਸਿਊਰ, ਰੋਲਾਂ ਬਾਰਤ, ਲੋਤਮਾਨ

(D) ਟੈਰੀ ਈਗਲਟਨ, ਰੋਮਨ ਜੈਕਬਸਨ, ਦੈਰਿਦਾ

**45.** ਸਾਹਿਤਕ ਪਾਠ ਵਿਚ ਪ੍ਰਮੁਖ ਹੈ :

(A) ਸਾਹਿਤਕ ਚਿਹਨਕ

(B) ਭਾਸ਼ਕ ਮਾਡਲ

(C) ਪਰਾਭਾਸ਼ਾਈ ਸੰਬੰਧ

(D) ਚਿਹਨ-ਪ੍ਰਬੰਧ



Prepp
Latest Sarkari Jobs, Govt Exam Results, Vacancies and updates on one click
Know More

**46.** ਕਿਹੜਾ ਕ੍ਰਮ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| a. ਖੇਤਰੀ ਖੋਜ | 1. ਚਿਹਨਕ ਅਤੇ ਚਿਹਨਿਤ |
| b. ਪਾਠਮੁਲਕ ਖੋਜ | 2. ਵਿਕਾਸ ਤੇ ਕਾਲਕ੍ਰਮ |
| c. ਚਿਹਨ-ਵਿਗਿਆਨਕ ਖੋਜ | 3. ਪ੍ਰਮਾਣਕ ਪਾਠ ਤੇ ਸੰਦਰਭ |
| d. ਇਤਿਹਾਸਕ ਖੋਜ | 4. ਪ੍ਰਸ਼ਨਾਵਲੀ ਤੇ ਸੂਚਕ |

| | a | b | c | d |
|---|---|---|---|---|
| (A) | 4 | 1 | 2 | 3 |
| (B) | 4 | 2 | 3 | 1 |
| (C) | 4 | 3 | 1 | 2 |
| (D) | 1 | 2 | 3 | 4 |

**47.** ਖੋਜ-ਪ੍ਰਬੰਧ ਲੇਖਨ ਵਿਚ ਕਿਸ ਦਾ ਵਧੇਰੇ ਮਹੱਤਵ ਹੈ :

(A) ਨਿਸ਼ਕਰਸ਼ ਤੇ ਪੁਸਤਕ-ਸੂਚੀ

(B) ਅਧਿਆਇ-ਵੰਡ ਤੇ ਰੂਪਰੇਖਾ

(C) ਹਵਾਲੇ ਤੇ ਟਿੱਪਣੀਆਂ

(D) ਆਦਿਕਾ ਤੇ ਅੰਤਿਕਾ

**48.** **(A) ਕਥਨ :** ਪੰਜਾਬੀ ਖੋਜ ਦੇ ਖੇਤਰ ਵਿਚ ਬਹੁਤ ਵਿਕਾਸ ਨਜ਼ਰੀਂ ਪੈਂਦਾ ਹੈ ਕਿਉਂਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਤੇ ਹੋਰ ਸੰਬੰਧਿਤ ਅਦਾਰੇ ਇਸ ਕਾਰਜ ਵਿਚ ਬਹੁਤ ਜਤਨਸ਼ੀਲ ਹਨ ।

**(R) ਕਾਰਨ :** ਪਰ ਇਸ ਚਿੰਤਾਜਨਕ ਸਥਿਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਭ ਦੇ ਬਾਵਜੂਦ ਵੀ ਪੰਜਾਬੀ ਖੋਜ ਦਾ ਵਰਤਮਾਨ ਮਿਆਰ ਵਿਕਾਸ ਦੀ ਥਾਂ ਨਿਘਾਰ ਵਲ ਜਾ ਰਿਹਾ ਹੈ ।

(A) (A) ਗ਼ਲਤ ਹੈ, (R) ਆਂਸ਼ਿਕ ਸਹੀ ਹੈ

(B) (A) ਆਂਸ਼ਿਕ ਸਹੀ ਹੈ, (R) ਗ਼ਲਤ ਹੈ

(C) (A) ਤੇ (R) ਆਂਸ਼ਿਕ ਸਹੀ ਹਨ

(D) (A) ਤੇ (R) ਦੋਵੇਂ ਸਹੀ ਹਨ

**ਪੈਰਾ** :

ਜਥਾਰਥਵਾਦੀ ਸਾਹਿਤ ਦੇ ਤਿੰਨ ਮੁੱਖ ਪੱਖ ਹਨ : (1) ਜੀਵਨ ਦੇ ਵਿਸਤਾਰ ਨੂੰ ਵਾਸਤਵਿਕ ਰੂਪ ਵਿਚ ਚਿੱਤਰਨਾ ; (2) ਜਥਾਰਥਵਾਦ ਨੂੰ ਸਾਹਿਤਕ ਦਰਸ਼ਨ ਦੇ ਤੌਰ ਤੇ ਪਰਵਾਨ ਕਰਨਾ ਅਤੇ (3) ਇਸ ਨੂੰ ਲਹਿਰ ਤੇ ਪਰੰਪਰਾ ਦੇ ਤੌਰ ਤੇ ਸਥਾਪਿਤ ਕਰਨਾ । ਯਥਾਰਥਵਾਦ ਅਨੁਸਾਰ ਵਿਅਕਤੀ ਤੇ ਸਮਾਜ ਦੇ ਸੰਬੰਧਾਂ ਨੂੰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਦੇਖਣਾ, ਰੁਮਾਂਟਿਕ ਲੇਖਕਾਂ ਦੀ ਮੌਲਿਕ ਸਿਰਜਣਾ ਨੂੰ ਯਥਾਰਥਵਾਦੀ ਨਜ਼ਰੀਏ ਤੋਂ ਵਾਚਣਾ, ਸ਼ੈਲੀਮਈ ਸੁਹਜ ਦੀ ਥਾਂ ਸੁਭਾਵਕ ਯਥਾਰਥਕ ਵਰਣਨ ਨੂੰ ਤਰਜੀਹ ਦੇਣਾ ਆਦਿ । ਪੰਜਾਬੀ ਸਾਹਿਤ ਵਿਚ ਯਥਾਰਥਵਾਦੀ ਰੁਚੀਆਂ ਦਾ ਮੁੱਢ ਪ੍ਰਗਤੀਵਾਦੀ ਸਾਹਿਤ ਰਚਨਾ ਤੋਂ ਹੋਇਆ ਤੇ ਪੰਜਾਬੀ ਸਾਹਿਤ ਰਚਨਾ ਵਿਚ ਜੀਵਨ ਦੀਆਂ ਜਥਾਰਥਕ ਸੱਮਸਿਆਵਾਂ ਨੂੰ ਲਿਆ ਜਾਣ ਲੱਗਾ ਤੇ ਨਾਲ ਹੀ ਆਦਰਸ਼ਵਾਦ ਦਾ ਤਿਆਗ ਵੀ ਹੋਇਆ । ਪੰਜਾਬੀ ਕਵਿਤਾ ਦੇ ਟਾਕਰੇ ਤੇ ਯਥਾਰਥਵਾਦ ਪੰਜਾਬੀ ਗਲਪ ਵਿਚ ਵਧੇਰੇ ਪ੍ਰਸਤੁਤ ਹੋਇਆ ।

**49.** ਉਪਰੋਕਤ ਪੈਰੇ ਦਾ ਮੁੱਖ ਥੀਮ ਹੈ :

(A) ਜੀਵਨ ਦੇ ਵਿਸਤਾਰ ਨੂੰ ਵਾਸਤਵਿਕ ਰੂਪ ਵਿਚ ਚਿੱਤਰਨਾ

(B) ਯਥਾਰਥਵਾਦ ਦੀ ਸਾਹਿਤਕ ਦਰਸ਼ਨ ਦੇ ਤੌਰ ਤੇ ਸਥਾਪਨਾ

(C) ਪੰਜਾਬੀ ਸਾਹਿਤ ਰਚਨਾ ਦੀਆਂ ਯਤਾਰਥਵਾਦੀ ਰੁਚੀਆਂ

(D) ਯਥਾਰਥਵਾਦੀ ਲਹਿਰ ਤੇ ਪਰੰਪਰਾ

**50.** ਪੈਰੇ ਅਨੁਸਾਰ ਪੰਜਾਬੀ ਸਾਹਿਤ ਵਿਚ ਯਥਾਰਥਵਾਦ ਦੀ ਮੁੱਖ ਪ੍ਰਾਪਤੀ ਹੈ :

(A) ਪੰਜਾਬੀ ਕਵਿਤਾ ਵਿਚ ਯਥਾਰਥਵਾਦੀ ਪ੍ਰਵਿਰਤੀ ਦਾ ਵਿਕਾਸ

(B) ਪੰਜਾਬੀ ਸਾਹਿਤ ਨੂੰ ਯਥਾਰਥਵਾਦੀ ਨਜ਼ਰੀਏ ਤੋਂ ਵਾਚਣ ਦੀ ਪ੍ਰਵਿਰਤੀ

(C) ਪੰਜਾਬੀ ਗਲਪ ਵਿਚ ਯਥਾਰਥਵਾਦੀ ਪ੍ਰਵਿਰਤੀ ਦਾ ਪਾਸਾਰ

(D) ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਧਾਰਾ ਦਾ ਪ੍ਰਭਾਵ



Latest Sarkari Jobs, Govt Exam Results, Vacancies and updates on one click
Know More

prepp

# Latest Sarkari jobs, Govt Exam alerts, Results and Vacancies

- Latest News and Notification
- Exam Paper Analysis
- Topic-wise weightage
- Previous Year Papers with Answer Key
- Preparation Strategy & Subject-wise Books

To know more **Click Here**

www.prepp.in